# WCB FACTS 2017

## ਵਰਕਰਜ਼ ਕੰਪਨਸੇਸ਼ਨ ਕਵਰੇਜ ਦਾ ਸਾਰ

ਰੁਜ਼ਗਾਰਦਾਤਿਆਂ ਲਈ ਵਰਕਰਜ਼ ਕੰਪਨਸੇਸ਼ਨ ਕਵਰੇਜ ਜ਼ਰੂਰੀ ਕਰਾਰ ਦਿੱਤੀਆਂ ਅਤੇ ਆਪਸ਼ਨਲ ਉਦਯੋਗਾਂ ਵਿੱਚ ਇਹ ਯਕੀਨੀ ਬਣਾਉਂਦੀ ਹੈ ਕਿ ਤੁਹਾਡੇ ਕਾਮੇ WCB ਲਾਭਾਂ ਦੇ ਪਾਤਰ ਹਨ ਅਤੇ ਇਹ ਕੰਮ ਦੇ ਸਥਾਨ ਤੇ ਲੱਗੀ ਸੱਟ ਦੇ ਮੌਕੇ ਤੇ ਤੁਹਾਨੂੰ ਕਾਨੂੰਨੀ ਮੁਕੱਦਮੇ ਤੋਂ ਬਚਾਉਂਦੀ ਹੈ।

ਮੈਨੀਟੋਬਾ ਵਿਚਲੇ ਬਹੁਤੇ ਰੁਜ਼ਗਾਰਦਾਤਿਆਂ ਲਈ ਵਰਕਰਜ਼ ਕੰਪਨਸੇਸ਼ਨਜ਼ ਕਵਰੇਜ ਜ਼ਰੂਰੀ ਹੈ। ਜ਼ਰੂਰੀ ਕਰਾਰ ਦਿੱਤੀ ਗਈ ਕਵਰੇਜ ਵਿੱਚ ਖਾਸ ਹਾਲਤਾਂ ਸ਼ਾਮਲ ਹਨ ਜਿਨ੍ਹਾਂ ਵਿੱਚ ਵਿਅਕਤੀ ਰੁਜ਼ਗਾਰਦਾਤੇ/ਵਰਕਰ ਦੇ ਸਪੱਸ਼ਟ ਰਿਸ਼ਤੇ ਵਿੱਚ ਨਹੀਂ ਹੁੰਦੇ ਹਨ। ਉਹ ਕਾਰੋਬਾਰ ਜਿਨ੍ਹਾਂ ਨੂੰ ਕਾਨੂੰਨੀ ਤੌਰ ਤੇ ਇਹ ਜ਼ਰੂਰਤ ਨਹੀਂ ਹੈ ਕਿ ਉਹ ਵਰਕਰਜ਼ ਕੰਪਨਸੇਸ਼ਨਜ਼ ਲੈਣ ਪਰ ਜਿਹੜੇ ਕਿ ਕਵਰੇਜ ਦਾ ਲਾਭ ਲੈਣਾ ਚਾਹੁੰਦੇ ਹਨ, ਉਨ੍ਹਾਂ ਲਈ ਆਪਸ਼ਨਲ ਕਵਰੇਜ ਉਪਲੱਬਧ ਹੈ।

### ਜ਼ਰੂਰੀ ਕਰਾਰ ਦਿੱਤੀ ਗਈ ਕਵਰੇਜ

ਮੈਨੀਟੋਬਾ ਵਿਚਲੇ ਵਰਕਰਾਂ ਨੂੰ ਕੰਮ ਤੇ ਲਗਾਉਣ ਵਾਲੇ ਬਹੁਤੇ ਕਾਰੋਬਾਰਾਂ ਲਈ ਵਰਕਰਜ਼ ਕੰਪਨਸੇਸ਼ਨ ਕਵਰੇਜ ਜ਼ਰੂਰੀ ਹੈ। ਜੇ ਤੁਸੀਂ ਜ਼ਰੂਰੀ ਕਰਾਰ ਦਿੱਤੇ ਗਏ ਉਦਯੋਗ ਵਿੱਚ ਹੋ, ਤਾਂ ਉਹ ਹਰ ਕੋਈ ਵਿਅਕਤੀ ਜੋ ਕਿ ਤੁਹਾਡੇ ਕਾਰੋਬਾਰ ਲਈ ਕੰਮ ਕਰਦਾ ਹੈ ਨੂੰ ਵਰਕਰ ਸਮਝਿਆ ਜਾਂਦਾ ਹੈ ਅਤੇ ਉਹ ਹੇਠ ਲਿਖੇ ਸੰਦਰਭਾਂ ਦੇ ਬਿਨ੍ਹਾਂ ਵਰਕਰਜ਼ ਕੰਪਨਸੇਸ਼ਨਜ਼ ਕਵਰੇਜ ਦਾ ਹੱਕਦਾਰ ਹੈ:

- ਘੰਟਿਆਂ ਦੀ ਉਹ ਗਿਣਤੀ ਜਿਸ ਲਈ ਕਾਮੇ ਕੰਮ ਕਰਦੇ ਹਨ (ਪੂਰਨ ਕਾਲਿਕ, ਅੰਸ਼ ਕਾਲਿਕ, ਜਾਂ ਆਰਜ਼ੀ)
- ਉਨ੍ਹਾਂ ਦੀ ਆਮਦਨ ਦਾ ਢਾਂਚਾ (ਤਨਖਾਹ, ਘੰਟਿਆਂ ਅਨੁਸਾਰ, ਕਮਿਸ਼ਨ, ਕੰਮ ਦੇ ਅਕਾਰ ਅਨੁਸਾਰ, ਅਤੇ ਇੱਥੋਂ ਤੱਕ ਕਿ ਜੇ ਉਹ ਕਮਰੇ ਅਤੇ ਬੋਰਡ ਲਈ ਕੰਮ ਕਰਦੇ ਹਨ)
- ਤੁਹਾਡੇ ਮੁੱਢਲੇ ਕਾਰੋਬਾਰੀ ਅਪ੍ਰੇਸ਼ਨ ਦੇ ਸਬੰਧ ਵਿੱਚ ਉਨ੍ਹਾਂ ਦੇ ਕੰਮ ਦੀ ਕਿਸਮ (ਪ੍ਰਸਾਸ਼ਕੀ, ਵਿਕਰੀ, ਉਤਪਾਦਨ ਅਮਲਾ, ਜਾਂ ਕਾਰਜਕਾਰੀ ਅਧਿਕਾਰੀ ਜਾਂ ਸ਼ੇਅਰਹੋਲਡਰ ਜੋ ਕਿ ਡਾਇਰੈਕਟਰਜ਼ ਨਹੀਂ ਹਨ)

- ਟਿਕਾਣਾ (ਕਾਰੋਬਾਰੀ ਸਥਾਨ ਤੇ, ਮੈਨੀਟੋਬਾ ਵਿੱਚ ਯਾਤਰਾ ਕਰਨੀ ਅਤੇ/ਜਾਂ ਮੈਨੀਟੋਬਾ ਤੋਂ ਬਾਹਰ ਯਾਤਰਾ ਕਰਨੀ)।

ਉਹ ਪਰਿਵਾਰਕ ਮੈਂਬਰ ਜੋ ਕਾਰੋਬਾਰ ਵਿੱਚ ਕੰਮ ਕਰਦੇ ਹਨ ਅਤੇ – ਉਨ੍ਹਾਂ ਦਾ ਭੁਗਤਾਨ ਕਾਰੋਬਾਰ ਦੁਆਰਾ ਕੀਤਾ ਜਾਂਦਾ ਹੈ, ਉਨ੍ਹਾਂ ਦੀ ਤੁਹਾਡੇ ਕਰਮਚਾਰੀਆਂ ਦੇ ਹਿੱਸੇ ਵੱਜੋਂ ਕਵਰੇਜ ਕੀਤੇ ਜਾਣ ਦੀ ਜ਼ਰੂਰਤ ਹੈ। ਟਿੱਪਣੀ: ਕੇਵਲ ਇਹ ਇਸਦਾ ਅਪਵਾਦ ਹੈ – ਜੇ ਤੁਸੀਂ ਫਾਰਮ ਚਲਾਉਂਦੇ ਹੋ, ਤਾਂ ਤੁਹਾਡੇ ਪਰਿਵਾਰਕ ਮੈਂਬਰਾਂ ਨੂੰ ਉਸ ਸਮੇਂ ਤੱਕ ਕਵਰ ਨਹੀਂ ਕੀਤਾ ਜਾਂਦਾ ਜਦੋਂ ਤੱਕ ਤੁਸੀਂ WCB ਨੂੰ ਇਹ ਨਹੀਂ ਦੱਸਦੇ ਕਿ ਤੁਸੀਂ ਫਾਰਮ ਫੈਮਿਲੀ ਕਵਰੇਜ ਲੈਣਾ ਚਾਹੋਗੇ।

ਜ਼ਰੂਰੀ ਕਰਾਰ ਦਿੱਤੇ ਗਏ ਉਦਯੋਗਾਂ ਵਿੱਚ ਕੰਟਰੈਕਟ ਵਰਕਰਜ਼ ਨੂੰ ਇਕ ਕਾਮੇ ਦੇ ਤੌਰ ਤੇ ਕਵਰੇਜ ਹੋਣੀ ਜ਼ਰੂਰੀ ਹੈ (ਜੇ ਤੁਸੀਂ ਉਨ੍ਹਾਂ ਨੂੰ ਕੰਮ ਤੇ ਲਗਾਉਂਦੇ ਹੋ ਅਤੇ ਉਨ੍ਹਾਂ ਕੋਲ ਆਪਣੀ ਖੁਦ ਦੀ ਕਵਰਜੇ ਨਹੀਂ ਹੈ ਕਿਉਂਕਿ ਉਹ ਯੋਗਤਾ ਨਹੀਂ ਰੱਖਦੇ ਜਾਂ ਕਿਉਂਕਿ ਉਨ੍ਹਾਂ ਨੇ ਦਰਖਾਸਤ ਨਹੀਂ ਦਿੱਤੀ, ਤਾਂ ਉਨ੍ਹਾਂ ਨੂੰ ਤੁਹਾਡੇ ਕਾਮੇ ਸਮਝਿਆ ਜਾਵੇਗਾ)।

ਅਪਰੈਂਟੀਸਿਸ ਅਤੇ ਸਿਖਾਂਦਰੂ ਨੂੰ ਉਸ ਸਮੇਂ ਕਵਰੇਜ ਮਿਲਦੀ ਹੈ ਜਿਸ ਸਮੇਂ ਉਹ ਕੰਮ ਦੀ ਥਾਂ ਤੇ ਕਿਸੇ ਹੋਰ ਕਾਮੇ ਦੀ ਤਰ੍ਹਾਂ ਮੌਜੂਦ ਹੁੰਦੇ ਹਨ। ਜਦੋਂ ਅਪਰੈਂਟਿਸਿਸ ਸਕੂਲ ਵਿੱਚ ਹੁੰਦੇ ਹਨ, ਤਾਂ ਉਹ ਰੁਜ਼ਗਾਰਦਾਤਾ ਜਿਸ ਨਾਲ ਉਨ੍ਹਾਂ ਦੀ ਅਪਰੈਂਟਿਸਿਸ ਸਮਝੌਤਾ ਹੈ, ਨੂੰ ਉਨ੍ਹਾਂ ਦਾ ਰੁਜ਼ਗਾਰਦਾਤਾ ਸਮਝਿਆ ਜਾਂਦਾ ਹੈ। ਉਹ ਸਿਖਾਂਦਰੂ ਜੋ ਕਿ ਉਨ੍ਹਾਂ ਨੂੰ ਰਸਮੀ ਤੌਰ ਤੇ ਰੁਜ਼ਗਾਰਦਾਤੇ ਦੇ ਕੋਲ ਕੰਮ ਤੇ ਲਗਾਏ ਜਾਣ ਤੋਂ ਪਹਿਲਾਂ ਸਿਖਲਾਈ ਜਾਂ ਪ੍ਰੋਬੇਸ਼ਨਰੀ ਕਾਰਜ ਦੇ ਵਿੱਚੋਂ ਲੰਘਦੇ ਹਨ, ਉਨ੍ਹਾਂ ਨੂੰ ਉਸ ਸਿਖਲਾਈ ਦੇ ਦੌਰਾਨ ਤੁਹਾਡਾ ਵਰਕਰ ਸਮਝਿਆ ਜਾਂਦਾ ਹੈ।

ਘਰੇਲੂ ਸੇਵਾਵਾਂ – ਕੋਈ ਵੀ ਵਿਅਕਤੀ, ਜਾਂ ਕਾਰੋਬਾਰ, ਜੋ ਕਿਸੇ ਨੂੰ ਇਕ ਹਫ਼ਤੇ ਵਿੱਚ 24 ਘੰਟੇ ਤੋਂ ਜ਼ਿਆਦਾ ਸਮੇਂ ਲਈ ਕੰਮ ਤੇ ਲਗਾਉਂਦਾ ਹੈ, ਨੂੰ ਉਨ੍ਹਾਂ ਨੂੰ ਵਰਕਰਜ਼ ਕੰਪਨਸੇਸ਼ਨ ਕਵਰੇਜ ਜ਼ਰੂਰ ਮੁਹੱਈਆ ਕਰਵਾਉਣੀ ਚਾਹੀਦੀ ਹੈ। ਘਰੇਲੂ ਸੇਵਾਵਾਂ ਪ੍ਰਦਾਨ ਕਰਵਾਉਣ ਵਾਲਿਆਂ ਵਿੱਚ ਸ਼ਾਮਲ ਹਨ (ਪਰ ਇਨ੍ਹਾਂ ਤੱਕ ਸੀਮਤ ਨਹੀਂ ਹਨ):

- ਸਫ਼ਾਈ ਕਰਨ ਵਾਲੇ
- ਨੌਕਰਾਣੀਆਂ
- ਨੈਨੀਜ਼/ਆਯਾ/ਸਿਟਰਜ਼
- ਸ਼ੋਫ਼ਰਜ਼
- ਬਟਲਰ
- ਮਾਲੀ

- ਸਾਥੀ।

ਟਿੱਪਣੀ: ਜੇ ਤੁਸੀਂ ਕਿਸੇ ਅਜਿਹੇ ਘਰੇਲੂ ਕਾਮੇ ਨੂੰ ਕੰਮ ਤੇ ਲਗਾਉਂਦੇ ਹੋ ਜੋ ਇਕ ਹਫ਼ਤੇ ਵਿੱਚ 24 ਘੰਟੇ ਤੋਂ ਜ਼ਿਆਦਾ ਕੰਮ ਕਰਦੇ ਹੋ ਅਤੇ ਹੋਰ ਵਿਅਕਤੀ ਜਾਂ ਬਹੁਤੇ ਵਿਅਕਤੀ ਜੋ ਹਫ਼ਤੇ ਵਿੱਚ 24 ਘੰਟੇ ਤੋਂ ਘੱਟ ਕੰਮ ਕਰਦੇ ਹਨ, ਤੁਹਾਨੂੰ ਤੁਹਾਡੇ ਹਰ ਸਾਰੇ ਘਰੇਲੂ ਸੇਵਾ ਦੇ ਵਰਕਰਜ਼ ਨੂੰ ਕਵਰੇਜ ਪ੍ਰਦਾਨ ਕਰਨੀ ਚਾਹੀਦੀ ਹੈ।

**ਅਸਧਾਰਣਤਾ ਨਾਲ ਜ਼ਰੂਰੀ ਕਰਾਰ ਦਿੱਤੀ ਗਈ ਕਵਰੇਜ**

ਕੁਝ ਖਾਸ ਹਾਲਤਾਂ ਵਿੱਚ, ਵਿਅਕਤੀਆਂ ਨੂੰ ਕਵਰੇਜ ਆਪਣੇ ਆਪ ਮੁਹੱਈਆ ਕਰਵਾਈ ਜਾਂਦੀ ਹੈ ਇਸ ਤੱਥ ਨੂੰ ਵਿਚਾਰੇ ਬਿਨਾਂ ਹੈ ਕਿ ਉਹ ਜਿਸ ਤਰ੍ਹਾਂ ਪ੍ਰੰਪਰਾਗਤ ਰੂਪ ਵਿੱਚ ਪ੍ਰਭਾਸ਼ਿਤ ਕੀਤਾ ਗਿਆ ਹੈ ਉਸ ਤਰ੍ਹਾਂ “ਕੰਮ” ਨਹੀਂ ਕਰਦੇ ਹਨ।

ਸਵੈ-ਸੇਵੀ ਅੱਗ ਬੁਝਾਉਣ ਵਾਲੇ ਅਤੇ ਐਂਬੁਲੈਂਸ ਅਟੈਂਡੈਂਟਸ ਨੂੰ ਵਰਕਰਜ਼ ਮੰਨਿਆ ਜਾਂਦਾ ਹੈ ਅਤੇ ਉਹ ਨਿਗਮ ਜਿਸ ਲਈ ਉਹ ਸਵੈਸੇਵਾ ਕਰਦੇ ਹਨ, ਨੂੰ ਉਨ੍ਹਾਂ ਦਾ ਰੁਜ਼ਗਾਰਦਾਤਾ ਮੰਨਿਆ ਜਾਂਦਾ ਹੈ। ਇਸਦਾ ਮਤਲਬ ਹੈ ਕਿ ਜੇ ਸਵੈ-ਸੇਵੀ ਅੱਗ ਬੁਝਾਉਣ ਵਾਲੇ ਜਾਂ ਐਂਬੁਲੈਂਸ ਦੇ ਅਟੈਂਡੈਂਟ ਨੂੰ ਕੰਮ ਤੇ, ਜਾਂ ਆਪਾਤਕਾਲੀਨ ਡਿਊਟੀ ਤੇ ਜਾਂਦਿਆਂ ਜਾਂ ਆਉਂਦਿਆਂ, ਜਾਂ ਦਫ਼ਤਰੀ ਮੀਟਿੰਗਾਂ ਜਾਂ ਸਿਖਲਾਈ ਅਭਿਆਸਾਂ ਵਿੱਚ ਭਾਗ ਲੈਂਦੇ ਸਮੇਂ ਸੱਟ ਲੱਗਦੀ ਹੈ ਤਾਂ ਉਨ੍ਹਾਂ ਕੋਲ WCB ਕਵਰੇਜ ਹੁੰਦੀ ਹੈ।

ਵਰਕ ਐਕਸਪੀਰੀਐਂਸ ਪ੍ਰੋਗ੍ਰਾਮ (Work Experience Program) ਵਿੱਚ ਭਾਗ ਲੈਣ ਵਾਲੇ ਸੈਕੰਡਰੀ ਸਕੂਲ ਸਟੂਡੈਂਟਸ (Secondary School Students) ਜੋ ਹੇਠ ਲਿਖੇ ਸਿੱਖਿਆ ਸੰਸਥਾਵਾਂ ਦੇ ਰਾਹੀਂ ਕੰਮ ਦਾ ਤਜ਼ਰਬਾ ਪ੍ਰਾਪਤ ਕਰ ਰਹੇ ਹਨ, ਨੂੰ ਵਰਕਰਜ਼ ਕੰਪਨਸੇਸ਼ਨ ਪ੍ਰਾਪਤ ਹੁੰਦੀ ਹੈ:

- ਮੈਨੀਟੋਬਾ, ਵਿਨੀਪੈੱਗ ਅਤੇ ਬ੍ਰੈਂਡੋਨ ਦੀਆਂ ਯੂਨੀਵਰਸਿਟੀਆਂ
- ਯੂਨੀਵਰਸਿਟੀ ਕਾਲਜ ਆਫ਼ ਦਿ ਨਾਰਥ (University College of the North)
- ਕਾਲਜ ਯੂਨੀਵਰਸਿਟੈਰ ਡੀ ਸੇਂਟ- ਬੋਨੀਫੇਸ (Collège universitaire de Saint-Boniface)
- ਐਸੀਨੀਬੋਇਨ ਕਮਿਊਨਿਟੀ ਕਾਲਜ (Assiniboine Community College)
- ਰੈੱਡ ਰਿਵਰ ਕਾਲਜ (Red River College)
- ਹਾਈ ਸਕੂਲ

ਇਨ੍ਹਾਂ ਹਾਲਤਾਂ ਵਿਚ, ਮੈਨੀਟੋਬਾ ਰਾਜ (Province of Manitoba) ਨੂੰ ਉਨ੍ਹਾਂ ਦਾ ਰੁਜ਼ਗਾਰਦਾਤਾ ਮੰਨਿਆ ਜਾਂਦਾ ਹੈ, ਨਾ ਕਿ ਉਹ ਰੁਜ਼ਗਾਰਦਾਤਾ ਜਿਸ ਨਾਲ ਉਹ ਆਪਣਾ ਕੰਮ ਦਾ ਤਜ਼ਰਬਾ ਪ੍ਰਾਪਤ ਕਰ ਰਹੇ ਹੁੰਦੇ ਹਨ।

ਉਪਰ ਨਾ ਦੱਸੇ ਗਏ ਸਿਖਲਾਈ ਸੰਸਥਾਨ ਵਿੱਚ ਭਾਗ ਲੈਣ ਵਾਲੇ ਵਿਅਕਤੀਆਂ ਨੂੰ ਵੀ ਕੰਮ ਦੇ ਤਜ਼ਰਬੇ ਦੇ ਪ੍ਰੋਗ੍ਰਾਮ ਵਿੱਚ ਭਾਗ ਲੈਂਦੇ ਸਮੇਂ ਕਵਰੇਜ ਮਿਲ ਸਕਦੀ ਹੈ; ਵੈਸੇ ਇਸ ਤਰ੍ਹਾਂ ਦੀ ਕਵਰੇਜ ਕੇਵਲ ਤਾਂ ਉਪਲੱਬਧ ਹੁੰਦੀ ਹੈ ਜੇ ਸਿਖਲਾਈ ਸੰਸਥਾਨ ਨੇ ਪਹਿਲਾਂ ਦਰਖਾਸਤ ਦਿੱਤੀ ਹੋਏ - ਅਤੇ ਇਸਨੂੰ ਕਵਰਜੇ ਦੇ ਲਈ – ਸਵੀਕ੍ਰਿਤੀ ਮਿਲ ਗਈ ਹੋਏ। ਇਨ੍ਹਾਂ ਕੇਸਾਂ ਵਿੱਚ ਸਿਖਲਾਈ ਸੰਸਥਾਨ ਅਤੇ ਰੁਜ਼ਗਾਰਦਾਤਾ ਜਿਸ ਦੇ ਨਾਲ ਵਿਅਕਤੀ ਕੰਮ ਦਾ ਤਜ਼ਰਬਾ ਪ੍ਰਾਪਤ ਕਰਨ ਲਈ ਕੰਮ ਕਰ ਰਿਹਾ ਹੈ, ਇਸ ਵਿਅਕਤੀ ਦੀ ਕਵਰੇਜ ਦੇ ਲਈ ਜ਼ਿੰਮੇਵਾਰ ਹਨ।

ਗਰਮੀ ਦੇ ਮਹੀਨਿਆਂ ਵਿੱਚ ਮੈਨੀਟੋਬਾ ਸਰਕਾਰ ਦੇ ਗ੍ਰਾਂਟ ਪ੍ਰੋਗਾਮ ਦੇ ਅਧੀਨ ਗ੍ਰੀਨ ਟੀਮਾਂ (Green Teams) ਵਿੱਚ ਕੰਮ ਤੇ ਲਗਾਏ ਗਏ ਗ੍ਰੀਨ ਟੀਮ ਮੈਂਬਰਾਂ (Green Team Members) ਬਾਰੇ ਆਸ ਕੀਤੀ ਜਾਂਦੀ ਹੈ ਕਿ ਉਨਾਂ ਲਈ ਉਨ੍ਹਾਂ ਨੂੰ ਗ੍ਰੀਨ ਟੀਮ ਮੈਂਬਰ (Green Team Member) ਦੇ ਵੱਜੋਂ ਕੰਮ ਤੇ ਲਗਾਉਣ ਦੀ ਅਵਧੀ ਦੇ ਦੋਰਾਨ ਵਰਕਰ ਕੰਪਨਸੇਸ਼ਨ ਕਵਰੇਜ ਮੁਹੱਈਆ ਕਰਵਾਈ ਜਾਵੇਗੀ। ਇਹ ਜ਼ਰੂਰਤ ਮੌਜੂਦ ਰਹਿੰਦੀ ਹੈ ਚਾਹੇ ਰੁਜ਼ਗਾਰਦਾਤਾ ਜ਼ਰੂਰੀ ਕਰਾਰ ਦਿੱਤੇ ਉਦਯੋਗ ਵਿੱਚ ਹੋਏ ਜਾਂ ਨਾ ਅਤੇ ਇਹ ਗ੍ਰਾਂਟ ਪ੍ਰਾਪਤ ਕਰਨ ਦੀ ਇਕ ਸ਼ਰਤ ਹੈ।

ਉਹ ਵਿਅਕਤੀ ਜਿਨ੍ਹਾਂ ਨੂੰ *ਵਾਇਲਡਫਾਇਰਜ਼ ਐਕਟ (Wildfires Act)* ਦੇ ਅਧੀਨ ਡਿਊਟੀ ਤੇ ਲਗਾਇਆ ਜਾਂਦਾ ਹੈ ਨੂੰ ਉਸ ਸਮਾਂ ਅਵਧੀ ਲਈ ਵਰਕਰਜ਼ ਕੰਪਨਸੇਸ਼ਨ ਕਵਰੇਜ ਮੁਹੱਈਆ ਕਰਵਾਈ ਜਾਂਦੀ ਹੈ ਜਿਸ ਸਮੇਂ ਲਈ ਉਹ ਅੱਗ ਤੋਂ ਸੁਰੱਖਿਆ ਦੇਣ ਦੀਆਂ ਸੇਵਾਵਾਂ ਵਿੱਚ ਲੱਗੇ ਹੁੰਦੇ ਹਨ। ਮੈਨੀਟੋਬਾ *ਵਾਇਲਡਫਾਇਰਜ਼ ਐਕਟ (Wildfires Act)*, ਦੇ ਅਧੀਨ, ਉਹ ਬਾਲਗ ਵਿਅਕਤੀ ਜਿਨ੍ਹਾਂ ਨੂੰ ਜੰਗਲੀ ਅੱਗ ਤੋਂ ਸੁਰੱਖਿਆ ਦੇ ਅਪ੍ਰੇਸ਼ਨਾਂ ਲਈ ਤਿਆਰ ਕੀਤਾ ਗਿਆ ਹੈ, ਨੂੰ ਮੈਨੀਟੋਬਾ ਸਰਕਾਰ ਦੇ ਵਰਕਰਜ਼ ਵੱਜੋਂ ਵਿੱਚਾਰਿਆ ਜਾਂਦਾ ਹੈ।

**ਆਪਸ਼ਨਲ ਕਵਰੇਜ**

ਜੇ ਤੁਸੀਂ ਕੋਈ ਅਜਿਹਾ ਕਾਰੋਬਾਰ ਚਲਾਉਂਦੇ ਹੋ ਜਿਸ ਨੂੰ ਕਿ ਵਰਕਰਜ਼ ਕੰਪਨਸੇਸ਼ਨ ਕਵਰੇਜ ਦੀ ਜ਼ਰੂਰਤ ਨਹੀਂ ਹੈ, ਉਨ੍ਹਾਂ ਲਈ ਵੀ ਸਾਡੇ ਕੋਲ ਆਪਸ਼ਨਲ ਕਵਰੇਜ ਦੇ ਪੈਕੇਜ਼ ਹਨ ਜਿਨ੍ਹਾਂ ਨੂੰ ਤੁਸੀਂ ਬਹੁਤ ਪ੍ਰਤੀਯੋਗੀ ਕੀਮਤਾਂ ਤੇ ਖ੍ਰੀਦ ਸਕਦੇ ਹੋ ਅਤੇ ਤੁਹਾਡੇ ਦੁਆਰਾ ਤੁਹਾਡੇ ਕਾਮਿਆਂ (ਅਤੇ ਖੁਦ ਲਈ) ਮੁਹੱਈਆ ਕਰਵਾਏ ਜਾਂਦੇ ਲਾਭਾਂ ਦੇ ਪੈਕੇਜ਼ ਵਿੱਚ ਵਾਧਾ ਕਰ ਸਕਦੇ ਹੋ।

ਆਪਸ਼ਨਲ ਵਰਕਰ ਕਵਰੇਜ ਤੁਹਾਡੇ ਸਾਰੇ ਵਰਕਰਜ਼ ਨੂੰ ਕਵਰੇਜ ਪ੍ਰਦਾਨ ਕਰਦੀ ਹੈ। ਜੇ ਤੁਸੀਂ ਇਸ ਇੰਸ਼ੋਰੈਂਸ ਨੂੰ ਖ੍ਰੀਦਣ ਦਾ ਨਿਰਣਾ ਕਰਦੇ ਹੋ, ਤਾਂ ਤੁਹਾਨੂੰ ਇਕਹਰੇ ਮਾਲਕਾਂ, ਭਾਗੀਦਾਰਾਂ ਅਤੇ ਕਾਰਪੋਰੇਸ਼ਨਾਂ ਦੇ ਡਾਇਰੈਕਟਰਾਂ ਦੇ ਅਪਵਾਦ ਨਾਲ ਆਪਣੇ ਸਾਰੇ ਵਰਕਰਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

ਇਕਹਰੇ ਮਾਲਕਾਂ, ਭਾਗੀਦਾਰਾਂ ਅਤੇ/ਜਾਂ ਕਾਰਪੋਰੇਸ਼ਨ ਦੇ ਡਾਇਰੈਕਟਰ, ਜੋ ਕਿ ਕੰਮ ਨਾਲ ਸਬੰਧਤ ਸੱਟ ਜਾਂ ਬਿਮਾਰੀ ਦੀ ਹਾਲਤ ਵਿੱਚ ਵਰਕਰਜ਼ ਕੰਪਨਸੇਸ਼ਨਜ਼ ਲਾਭਾਂ ਦੇ ਪਾਤਰ ਹੋਣਾ ਪਸੰਦ ਕਰਨਗੇ, ਲਈ ਵਿਅਕਤੀਗਤ ਕਵਰੇਜ ਉਪਲੱਬਧ ਹੈ।

ਹੇਠ ਲਿਖੇ ਕਿਸੇ ਵੀ ਤਰ੍ਹਾਂ ਦੇ ਪਰਿਵਾਰਕ ਕਾਰੋਬਾਰਾਂ ਲਈ ਫਾਰਮ ਫੈਮਿਲੀ ਕਵਰੇਜ ਨੂੰ ਖਰੀਦਿਆ ਜਾ ਸਕਦਾ ਹੈ:

- ਫਾਰਮ ਕਰਾਪ ਪ੍ਰੋਡਕਸ਼ਨ
- ਸਟਾਕ ਅਤੇ ਡੇਅਰੀ ਫਾਰਮਿੰਗ
- ਸੂਰ ਅਤੇ ਮੁਰਗੀ ਪਾਲਣ ਫਾਰਮਿੰਗ
- ਹੈਚਰੀਜ਼
- ਮਧੂ ਮੱਖੀ ਪਾਲਣ
- ਗ੍ਰੀਨਹਾਊਸ ਨਰਸਰੀ
- ਮਾਰਕਿਟ ਗਾਰਡਨਿੰਗ

ਜੇ ਪਰਿਵਾਰ ਦੇ ਮੈਂਬਰਾਂ ਲਈ ਇਨ੍ਹਾਂ ਹਾਲਤਾਂ ਵਿੱਚ ਕਵਰੇਜ ਦੀ ਬੇਨਤੀ ਕੀਤੀ ਗਈ ਹੈ ਤਾਂ ਕਾਰੋਬਾਰ ਨੂੰ ਉਨ੍ਹਾਂ ਸਾਰੇ ਪਰਿਵਾਰਕ ਮੈਂਬਰਾਂ ਦੇ ਲਈ ਕਵਰੇਜ ਖ੍ਰੀਦਣੀ ਚਾਹੀਦੀ ਹੈ ਜਿਨ੍ਹਾਂ ਨੂੰ ਕਾਰੋਬਾਰੀ ਮਾਲਕ(ਮਾਲਕਾਂ) ਨੂੰ ਛੱਡ ਕੇ ਕਾਰੋਬਾਰ ਦੁਆਰਾ ਭੁਗਤਾਨ ਕੀਤਾ ਜਾਂਦਾ ਹੈ।

ਕਾਰੋਬਾਰੀ ਮਾਲਕਾਂ ਨੂੰ, ਜੇਕਰ ਉਹ ਕੰਮ ਨਾਲ ਸਬੰਧਤ ਸੱਟ ਜਾਂ ਬਿਮਾਰੀ ਦੀ ਹਾਲਤ ਵਿੱਚ ਵਰਕਰਜ਼ ਕੰਪਨਸੇਸ਼ਨ ਦੇ ਯੋਗ ਹੋਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਵਿਅਕਤੀਗਤ ਕਵਰੇਜ ਲਈ ਵੱਖਰੇ ਤੌਰ ਤੇ ਜ਼ਰੂਰ ਦਰਖਾਸਤ ਦੇਣੀ ਚਾਹੀਦੀ ਹੈ।

ਉਹ ਸਵੈ-ਸੇਵੀ ਜੋ ਲਾਭ ਲਈ ਕੰਮ ਨਾਲ ਕਰਨ ਵਾਲੀਆਂ ਅਤੇ ਖੈਰਾਤੀ ਸੰਸਥਾਵਾਂ ਲਈ ਸਮਾਂ ਦਿੰਦੇ ਹਨ, ਵੀ ਇਸੇ ਸਮਾਨ ਲਾਭਾਂ ਅਤੇ ਸੇਵਾਵਾਂ ਨੂੰ ਨਿਯਮਤ ਵਰਕਰਜ਼ ਦੀ ਤਰ੍ਹਾਂ ਪ੍ਰਾਪਤ ਕਰ ਸਕਦੇ ਹਨ, ਭਾਵੇਂ ਕਿ ਉਨ੍ਹਾਂ ਨੂੰ ਆਪਣੇ ਸਮੇਂ ਦੇ ਲਈ ਤਨਖਾਹਾਂ ਪ੍ਰਾਪਤ ਨਹੀਂ ਹੋ ਰਹੀਆਂ ਹਨ। ਸੰਸਥਾਵਾਂ ਦੁਆਰਾ ਆਪਣੇ ਸਵੈ-ਸੇਵੀਆਂ ਦੇ ਲਈ ਕਵਰੇਜ ਪ੍ਰਾਪਤ

ਕਰਨ ਦੀ ਦਰਖਾਸਤ ਨੂੰ ਜਿਸ ਤਰ੍ਹਾਂ ਇਹ ਆਮ ਹਾਲਤਾਂ ਵਿੱਚ ਹੁੰਦਾ ਹੈ, ਉਨ੍ਹਾਂ ਦੀ ਪੇਅਰੋਲ ਤੇ ਅਧਾਰਤ ਨਹੀਂ ਹੁੰਦਾ ਹੈ। ਸਵੈ-ਸੇਵੀਆਂ ਦੇ ਲਈ ਉਨ੍ਹਾਂ ਦੇ ਸੰਗਠਨ ਆਮ ਤੌਰ ਤੇ ਸਵੈ-ਸੇਵੀਆਂ ਦੀ ਗਿਣਤੀ ਦੇ ਆਧਾਰ ਤੇ ਇਕ ਪ੍ਰੀਮੀਅਮ ਦਾ ਭੁਗਤਾਨ ਕਰਦੇ ਹਨ।

ਟਿੱਪਣੀ: ਜੇ ਲਾਭ ਲਈ ਕੰਮ ਨਾ ਕਰਨ ਵਾਲੇ ਜਾਂ ਖੈਰਾਤੀ ਸੰਗਠਨ ਦੇ ਅਪ੍ਰੇਸ਼ਨ ਇਕ ਗੈਰ ਜ਼ਰੂਰੀ ਕਰਾਰ ਦਿੱਤੇ ਉਦਯੋਗ ਵਿੱਚ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਕੋਲ ਭੁਗਤਾਨੀ ਜਾਂਦੀ ਵਰਕ ਫ਼ੋਰਸ ਅਤੇ ਸਵੈ-ਸੇਵੀ ਹਨ ਤਾਂ ਉਨ੍ਹਾਂ ਨੂੰ ਆਪਣੇ ਸਵੈ-ਸੇਵਾਂ ਲਈ ਕਵਰੇਜ ਪ੍ਰਾਪਤ ਕਰਨ ਤੋਂ ਪਹਿਲਾਂ ਆਪਣੇ ਨਿਯਮਤ ਕਰਮਚਾਰੀਆਂ ਦੇ ਲਈ ਕਵਰੇਜ ਪ੍ਰਾਪਤ ਕਰਨੀ ਚਾਹੀਦੀ ਹੈ। ਸਵੈ-ਸੇਵੀਆਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਪਾਲਸੀ 35.10.70, ਕਵਰੇਜ ਫਾਰ ਵਲੰਟੀਅਰਜ਼ (Coverage for Volunteers) ਨੂੰ WCB ਦੀ ਵੈਬਸਾਇਟ ਤੇ ਦੇਖੋ

http://www.wcb.mb.ca/coverage-for-volunteers

ਖਾਸ ਕਿਸਮ ਦੀ ਉਪਲੱਬਧ ਵਰਕਰਜ਼ ਕੰਪਨਸੇਸ਼ਨ ਕਵਰੇਜ ਜ਼ਿਆਦਾ ਵਿਸਤ੍ਰਿਤ ਜਾਣਕਾਰੀ ਲਈ ਕਿਰਪਾ ਕਰਕੇ ਹੇਠ ਲਿਖੀਆਂ ਫੈਕਟ ਸ਼ੀਟਾਂ ਨੂੰ WCB ਦੀ ਵੈਬਸਾਇਟ www.wcb.mb.caਪ੍ਰਕਾਸ਼ਨਾਂ ਦੇ ਅਧੀਨ ਦੇਖੋ:

- ਕਵਰੇਜ ਫਾਰ ਕੰਟਰੈਕਟ ਵਰਕਰਜ਼
- ਕਵਰੇਜ ਫਾਰ ਫਾਰਮਿੰਗ ਇੰਡਸਟਰੀਜ਼
- ਇੰਪਲਾਇਰਜ਼ ਫਾਰ ਅਪਰੈਂਟਸਿਸ
- ਵਲੰਟੀਅਰ ਐਮਰਜੈਂਸੀ ਵਰਕਰਜ਼
- ਪਰਸਨਲ ਕਵਰੇਜ ਫਾਰ ਬਿਜ਼ਨੈੱਸ ਓਨਰਜ਼।

ਹਰ ਤਰ੍ਹਾਂ ਦੀ ਕਵਰੇਜ ਬਾਰੇ ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਅਸੈਸਮੈਂਟ
ਸਰਵਿਸ ਡਿਪਾਰਟਮੈਂਟ ਨੂੰ (204) 954-4505 ਤੇ ਜਾਂ ਕੈਨੇਡਾ ਵਿੱਚ ਟੋਲ ਫ੍ਰੀ ਅਤੇ ਯੂਨਾਈਟਡ ਸਟੇਟਸ ਵਿੱਚ 1-855-954-4321 ਤੇ ਜਾਂ (204) 954-4900 ਤੇ ਜਾਂ ਕੈਨੇਡਾ ਵਿੱਚ ਟੋਲ ਫ੍ਰੀ
1-866-245-0796 'ਤੇ ਸੰਪਰਕ ਕਰੋ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਸ ਦਾ ਉਦੇਸ਼ ਕਾਨੂੰਨੀ ਸਲਾਹ ਦੇਣਾ ਨਹੀਂ ਹੈ ਅਤੇ ਉਸਦੇ ਲਈ ਇਸ ਉੱਪਰ ਭਰੋਸਾ ਕਰਨਾ ਉਚਿਤ ਨਹੀਂ ਹੈ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations)* ਅਤੇ *WCB ਦੀਆਂ ਨੀਤੀਆਂ* ਦੇਖੋ। ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca ਵਿਖੇ ਉਪਲਬਧ ਹਨ।